Downloaded From : http://cbseportal.com/

Series JBB/C

SET-4

Code No. **6/C**

Roll No. | | | | | | | | |

Candidates must write the Code on the title page of the answer-book.

| ਨੋਟ | NOTE |
|---|---|
| (I) ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **11** ਪੰਨੇ ਹਨ । | (I) Please check that this question paper contains **11** printed pages. |
| (II) ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ । | (II) Code number given on the right hand side of the question paper should be written on the title page of the answer-book by the candidate. |
| (III) ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ । | (III) Please check that this question paper contains **15** questions. |
| (IV) ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ । | (IV) Please write down the Serial Number of the question in the answer-book before attempting it. |
| (V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ । | (V) 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*



Downloaded From : http://cbseportal.com/ Courtesy : CBSE

Downloaded From : http://cbseportal.com/

**ਨੋਟ :** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

'ਪੜ੍ਹਨ–ਕੌਸ਼ਲ'

**1.** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ, ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *2+2+2+2+1=9*

ਸੰਗਮਰਮਰ ਆਪਣੇ ਆਪ ਵਿੱਚ ਨਿਰੀ ਸੁੰਦਰ ਅਤੇ ਮੀਂਹ–ਧੁੱਧ ਦਾ ਟਾਕਰਾ ਕਰਨ ਵਾਲੀ ਵਸਤੂ ਹੀ ਨਹੀਂ, ਸਗੋਂ ਜੋ ਕੋਮਲਤਾ, ਮੁਲਾਇਮੀ ਅਤੇ ਸਵੱਛਤਾ ਸੰਗਮਰਮਰ ਵਿੱਚ ਪ੍ਰਗਟਾਈ ਜਾ ਸਕਦੀ ਹੈ ਉਸ ਦੀ ਰੀਸ ਕੋਈ ਹੋਰ ਪੱਥਰ ਜਾਂ ਇਮਾਰਤੀ ਮਸਾਲਾ ਨਹੀਂ ਕਰ ਸਕਦਾ । ਸੰਗਮਰਮਰ ਦੀ ਘਾੜਤ ਜਾਂ ਬਣਤਰ ਵਿੱਚ ਕੁਝ ਵੀ ਲੁਕਿਆ ਨਹੀਂ ਰਹਿੰਦਾ, ਸੋ ਇਹ ਸ਼ੁਧ ਸੁੰਦਰਤਾ ਪ੍ਰਗਟਾਉਣ ਦਾ ਸਾਧਨ ਹੈ । ਯੂਨਾਨ ਵਿੱਚ ਪਹਿਲਾਂ–ਪਹਿਲ ਸੰਗਮਰਮਰ ਦੀ ਵਰਤੋਂ ਮੰਦਰਾਂ ਅਤੇ ਹੋਰ ਇਮਾਰਤਾਂ ਲਈ ਹੋਈ ਮੰਨੀ ਜਾਂਦੀ ਹੈ । ਭਾਰਤ ਵਿੱਚ ਸੰਗਮਰਮਰ ਬਹੁਤ ਮਿਲ ਜਾਂਦਾ ਹੈ, ਇਸ ਲਈ ਇੱਥੋਂ ਦੀਆਂ ਕਈ ਸੁੰਦਰ ਇਮਾਰਤਾਂ ਲਈ ਇਸ ਦੀ ਵਰਤੋਂ ਕਰਨ ਦਾ ਰਿਵਾਜ਼ ਇਸ ਤੋਂ ਪਹਿਲਾਂ ਪੈ ਚੁੱਕਾ ਸੀ । ਤਾਜ ਮਹਿਲ ਤੇ ਮੋਤੀ–ਮਸਜਦ ਅਤੇ ਹੋਰ ਅਨੇਕਾਂ ਮੰਦਰਾਂ ਵਿੱਚ ਇਸ ਦੇ ਪ੍ਰਯੋਗ ਨਾਲ ਜੋ ਸੂਖ਼ਮ ਅਤੇ ਕੋਮਲ ਪ੍ਰਭਾਵ ਉਤਪੰਨ ਹੋਇਆ ਸੀ, ਉਸਨੇ ਸ਼ਾਇਦ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰਣਾ ਦਿੱਤੀ ਕਿ ਮੇਰੇ ਸਤਿਗੁਰਾਂ ਦਾ ਮੰਦਰ ਵੀ ਅਜਿਹਾ ਹੀ ਸੁੰਦਰ ਹੋਣਾ ਚਾਹੀਦਾ ਹੈ ।

ਪ੍ਰਸ਼ਨ :

(A) ਹੋਰ ਪੱਥਰ ਜਾਂ ਇਮਾਰਤੀ ਮਸਾਲੇ ਦੇ ਮੁਕਾਬਲੇ ਸੰਗਮਰਮਰ ਵਿੱਚ ਕਿਹੜੇ–ਕਿਹੜੇ ਗੁਣ ਹਨ ?

(B) ਸੰਗਮਰਮਰ ਨੂੰ ਸ਼ੁੱਧ ਸੁੰਦਰਤਾ ਪ੍ਰਗਟਾਉਣ ਦਾ ਸਾਧਨ ਕਿਉਂ ਕਿਹਾ ਗਿਆ ਹੈ ?

(C) ਸੰਗਮਰਮਰ ਦੀ ਵਰਤੋਂ ਪਹਿਲਾਂ–ਪਹਿਲ ਕਿਹੜੇ ਦੇਸ ਵਿੱਚ ਅਤੇ ਕਿਹੜੇ ਕੰਮ ਲਈ ਹੋਈ ?

(D) ਤਾਜ ਮਹਿਲ, ਮੋਤੀ ਮਸਜਦ ਅਤੇ ਹੋਰ ਮੰਦਰਾਂ ਵਿੱਚ ਸੰਗਮਰਮਰ ਨਾਲ ਕਿਹੋ ਜਿਹਾਂ ਪ੍ਰਭਾਵ ਉਤਪੰਨ ਹੋਇਆ ?

(E) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਦਿਓ ।


Downloaded From : http://cbseportal.com/ Courtesy : CBSE

Downloaded From : http://cbseportal.com/

**2.** ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *2×3=6*

'ਜੋ ਬਦੇਸ਼ਾਂ'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋ ਦੇਸ ਪਰਤਣਗੇ ਆਪਣੇ ਕਦੀ
ਕੁਛਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ ।'

ਪ੍ਰਸ਼ਨ :

(A) ਲੋਕ ਵਿਦੇਸ਼ ਕਿਉਂ ਜਾਂਦੇ ਹਨ ?

(B) ਵਿਦੇਸ਼ਾਂ ਤੋਂ ਵਾਪਸ ਜਦੋ ਘਰ ਵਾਪਸ ਆਉਣਗੇ ਤਾਂ ਕੀ ਦੇਖਣਗੇ ?

(C) ਕਬਰਾਂ ਦੇ ਰੁੱਖ ਹੇਠ ਬੈਠ ਕੇ ਉਹ ਕੀ ਕਰਨਗੇ ?

'ਵਿਆਕਰਨ'

**3.** (i) 'ਦੁੱਧ ਅਤੇ ਦਹੀਂ' ਸ਼ਬਦ ਸਮੂਹ ਲਈ ਸਹੀ ਸਮਾਸੀ-ਸ਼ਬਦ ਦੀ ਚੋਣ ਕਰੋ –

(A) ਦਹੀਂ-ਦੁੱਧ

(B) ਦੁੱਧ-ਦਹੀਂ

(C) ਦੋਧੀ-ਦੁੱਧ

(D) ਦੁੱਧ-ਦਹੀਂ

(ii) 'ਲੋਕ-ਸਭਾ' ਸਮਾਸੀ ਸ਼ਬਦ ਦਾ ਸਹੀ ਸ਼ਬਦ-ਸਮੂਹ ਕਿਹੜਾ ਹੈ ?

(A) ਲੋਕ ਅਤੇ ਸਭਾ

(B) ਲੋਕਾਂ ਦੀ ਸਭਾ

(C) ਲੋਕ ਸਭਾ

(D) ਲੋਕਾਂ ਵਿਚਲੀ ਸਭਾ


Downloaded From : http://cbseportal.com/ Courtesy : CBSE

Downloaded From :http://cbseportal.com/

(iii) ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ –

(A) ਖੁਸ਼-ਖਬਰੀ

(B) ਸੱਚ-ਝੂਠ

(C) ਵਿਆਹ-ਸ਼ਾਦੀ

(D) ਨੌਕਰ-ਚਾਕਰ

(iv) 'ਪੁਸਤਕਾਂ ਦੀ ਸੂਚੀ' ਲਈ ਸਹੀ ਸਮਾਸੀ ਸ਼ਬਦ ਦੀ ਚੋਣ ਕਰੋ –

(A) ਪੁਸਤਕ-ਸੂਚੀ

(B) ਪੁਸਤਕਾਂ-ਸੂਚੀ

(C) ਪੁਸਤਕ-ਸੂਚੀ

(D) ਸੂਚੀ-ਪੁਸਤਕ *1×4=4*

**4.** (i) 'ਸੰਗ' ਸ਼ਬਦ ਦੇ ਬਹੁਅਰਥਕ ਸ਼ਬਦ ਚੁਣੋ –

(A) ਸੱਚ, ਸੂਤਰ

(B) ਸ਼ਰਮ, ਚੋਟ

(C) ਸ਼ਰਮ, ਸਾਥ

(D) ਪੱਥਰ, ਰੋੜੀ

(ii) 'ਮਿੱਟਾ' ਸ਼ਬਦ ਦੇ ਬਹੁਅਰਥਕ ਸ਼ਬਦ ਚੁਣੋ –

(A) ਨਿਚੋੜ, ਨਤੀਜਾ

(B) ਸਰ, ਨਕਲ

(C) ਸੰਖੇਪ, ਸੰਘ

(D) ਸਤ, ਸੰਘ


Downloaded From :http://cbseportal.com/ Courtesy : CBSE

Downloaded From : http://cbseportal.com/

(iii) ਹੇਠ ਲਿਖਿਆਂ ਵਿੱਚੋਂ 'ਸਾਰ' ਸ਼ਬਦ ਦੇ ਕਿਹੜੇ ਬਹੁਅਰਥਕ ਨਹੀਂ ਹਨ ?

(A) ਸੰਖੇਪ, ਖ਼ਬਰ ਲੈਣੀ

(B) ਕਦਰ, ਵਕਤ ਟਪਾਉਣਾ

(C) ਉਸੇ ਸਮੇਂ, ਸੰਖੇਪ

(D) ਸੰਖੇਪ, ਸ਼ਰਮ

(iv) 'ਸਿਆਣੇ ਕਹਿੰਦੇ ਹਨ ਕਿ 'ਕਰ ਮਜੂਰੀ ਤੇ ਖਾਹ ਚੂਰੀ' ਪਰ ਮਹਿੰਗਾਈ ਵਿੱਚ ਚੂਰੀ ਕਿਵੇਂ ਖਾਈਏ, ਕਰ ਭਰ-ਭਰ ਕੇ ਥੱਕ ਗਏ । ਮੇਰੇ ਤੇ ਕਰ-ਪੈਰ ਹੀ ਟੁੱਟ ਜਾਂਦੇ ਹਨ ਮਿਹਨਤ ਕਰ-ਕਰ ਦੇ ।' ਇਸ ਵਾਕ ਵਿੱਚ 'ਕਰ' ਸ਼ਬਦ ਪੰਜ ਵਾਰੀ ਆਇਆ ਹੈ । ਦੂਜੀ ਵਾਰਆਏ 'ਕਰ' ਸ਼ਬਦ ਤੋਂ ਕੀ ਭਾਵ ਹੈ –

(A) ਮਿੱਟੀ ਘੱਟਾ

(B) ਰੁਕਾਵਟ

(C) ਟੈਕਸ

(D) ਕਟੌਤੀ *1×4=4*

**5.** (i) ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ ਕਿਰਿਆ ਦਾ ਕੀ ਦੱਸਦੇ ਹਨ ?

(A) ਨਤੀਜਾ

(B) ਸਮਾਂ

(C) ਮਿਣਤੀ

(D) ਨਿਰਨਾ

(ii) 'ਕੁਲਦੀਪ ਹੌਲੀ ਹੌਲੀ ਉਤਰ ਰਿਹਾ ਹੈ ।' ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ –

(A) ਹੈ

(B) ਕੁਲਦੀਪ

(C) ਉਤਰ

(D) ਹੌਲੀ


Downloaded From : http://cbseportal.com/ Courtesy : CBSE

Downloaded From :http://cbseportal.com/

(iii) 'ਕਿਉਂ' ਸ਼ਬਦ ਕਿਰਿਆ-ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ ?

(A) ਕਾਲ ਵਾਚਕ

(B) ਕਾਰਨ ਵਾਚਕ

(C) ਨਿਰਨਾ ਵਾਚਕ

(D) ਗਿਣਤੀਵਾਚਕ

(iv) 'ਦੂਜੀ ਵਾਰੀ ਕਦੋਂ ਆਓਗੇ ?' ਵਾਕ ਕਿਰਿਆ-ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ ?

(A) ਪਰਿਮਾਣ ਵਾਚਕ

(B) ਸੰਖਿਆ ਵਾਚਕ

(C) ਕਾਲ ਵਾਚਕ

(D) ਕਾਰਨ ਵਾਚਕ *1×4=4*

**6.** (i) 'ਸਹਿ' ਅਤੇ 'ਪਰ' ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ ।

(ii) 'ਮੰਦ' ਅਤੇ 'ਦਾਨੀ' ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ । *2×2=4*

**7.** ਹੇਠ ਲਿਖੇ ਮੁਹਾਵਰਿਆਂ ਦਾ ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ : *1×4=4*

(i) ਕੱਖ ਭੰਨ ਨੇ ਦੂਹਰਾ ਨਾ ਕਰਨਾ

(ii) ਖਾਰ ਖਾਣੀ

(iii) ਚਾਂਦੀ ਦੀ ਜੁੱਤੀ ਮਾਰਨੀ

(iv) ਜਾਨ ਦੀ ਬਾਜ਼ੀ ਲਾਉਣੀ


Downloaded From :http://cbseportal.com/ Courtesy : CBSE

Downloaded From : http://cbseportal.com/

'ਲਿਖਣ ਕੌਸ਼ਲ'

**8.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ'ਤੇ 200 ਸ਼ਬਦਾਂ ਦਾ ਲੇਖ ਲਿਖੋ – *10*

'ਸਹਿਜ ਪਕੇ ਸੋ ਮੀਠਾ ਹੋਇ'

ਨੁਕਤੇ — • ਮੁਹਾਵਰੇ ਤੇ ਅਖਾਣ ਸਾਲਾਂ ਦੇ ਨਿਚੋੜ, • ਮਹਾਨ ਤੇ ਚਿਰ ਸਥਾਈ ਕਾਰਜ ਲੰਮੇ ਸਮੇਂ ਦੀ ਮਿਹਨਤ, • ਕੁਦਰਤ ਵਿੱਚ ਸਹਿਜਤਾ, • ਲੱਖਾਂ ਸਾਲਾਂ'ਚ ਧਰਤੀ ਠੰਡੀ, • ਵਨਸਪਤੀ ਅਤੇ ਜੀਵਨ ਕਰੋੜਾਂ ਸਾਲਾਂ ਵਿੱਚ, • ਰਾਤੋਂ-ਰਾਤ ਅਮੀਰ ਬਣਨ ਦੀ ਦੌੜ, • ਬੰਦਰ ਤੋਂ ਮਨੁੱਖ ਤੱਕ ਦਾ ਵਿਕਾਸ ਸਾਲਾਂ ਵਿੱਚ, • ਸਾਰੰਸ਼ ।

**ਜਾਂ**

'ਪ੍ਰਦੂਸ਼ਣ ਦੀ ਸੱਮਸਿਆ'

ਨੁਕਤੇ — • ਭੂਮਿਕਾ, • ਗੰਦਲਾ ਵਾਤਾਵਰਨ, • ਮਹਾਂਨਗਰਾਂ ਦੀ ਅਬਾਦੀ ਵੱਧਣਾ, • ਆਵਾਜਾਈ ਦੇ ਸਾਧਨਾਂ ਦਾ ਵੱਧਣਾ, • ਉਦਯੋਗੀਕਰਨ, • ਜੰਗਲਾਂ ਦੀ ਕਟਾਈ, • ਐਟਮੀ ਤਜ਼ਰਬੇ, • ਉਪਾਅ – ਨਵੇਂ ਰੁੱਖ ਲਗਾਉਣੇ, ਕੂੜੇ ਦਾ ਸਹੀ ਨਿਪਟਾਰਾ, ਚੰਗੀਆਂ ਆਦਤਾਂ ਅਪਣਾਉਣੀਆਂ, • ਸਾਰੰਸ਼ ।

**ਜਾਂ**

'ਬੱਚਿਆਂ ਦੇ ਮਾਂ-ਬਾਪ ਪ੍ਰਤੀ ਫਰਜ਼'

ਨੁਕਤੇ — • ਭੂਮਿਕਾ, • ਅਜੋਕੇ ਸਮੇਂ ਵਿੱਚ ਬਜ਼ੁਰਗਾਂ ਦੀ ਸਥਿਤੀ, • ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਵਿੱਚ ਅੰਤਰ, • ਬੱਚਿਆਂ ਦਾ ਫਰਜ਼, • ਮਾਂ ਬਾਪ ਨੂੰ ਸਮੇਂ ਅਨੁਸਾਰ ਆਪਣੀ ਸੋਚ ਬਦਲਣ ਦੀ ਲੋੜ, • ਬੱਚਿਆਂ ਨੂੰ ਵੀ ਪਦਾਰਥਕ ਦੌੜ ਦੇ ਨਾਲ-ਨਾਲ ਸੰਸਕਾਰਾਂ ਦਾ ਧਿਆਨ ਰੱਖਣਾ ਚਾਹੀਦਾ ਹੈ, • ਸਾਰੰਸ਼ ।


Downloaded From : http://cbseportal.com/ Courtesy : CBSE

Downloaded From :http://cbseportal.com/

**9.** ਹੇਠ ਲਿਖੇ ਨੁਕਤਿਆਂ ਦੇ ਆਧਾਰ'ਤੇ ਕੋਈ ਇੱਕ ਪੱਤਰ ਲਿਖੋ – *8*

ਆਪਣੇ ਪਿਤਾ ਜੀ ਨੂੰ ਪੱਤਰ ਲਿੱਖ ਕੇ ਦੱਸੋ ਕਿ ਆਪਣੀ ਸਕੂਲੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਤੁਸੀਂ ਦੀ ਕਰਨਾ ਚਾਹੁੰਦੇ ਹੋ ।

ਨੁਕਤੇ – • ਸਤਿਕਾਰ ਭਰੇ ਸ਼ਬਦ, • ਆਪਣੇ ਜੀਵਨ-ਉਦੇਸ਼ ਦਾ ਜ਼ਿਕਰ, • ਜੀਵਨ ਉਦੇਸ਼ ਦਾ ਮਹੱਤਵ ਅਤੇ ਉਸ ਦੀ ਪੂਰਤੀ ਲਈ ਕਾਰਜਸ਼ੀਲਤਾ, • ਦਿਲੋਂ ਧੰਨਵਾਦ, • ਆਪਣਾ ਸਿਰਨਾਵਾਂ ।

**ਜਾਂ**

ਆਪਣੇ ਇਲਾਕੇ ਦੇ ਐੱਸ.ਐੱਚ.ਓ. ਨੂੰ ਇਲਾਕੇ ਵਿੱਚ ਦਿਨ ਵੇਲੇ ਵੀ ਪੁਲਿਸ ਦੀ ਗਸ਼ਤ ਕਰਵਾਉਣ ਲਈ ਬੇਨਤੀ-ਪੱਤਰ ਲਿਖੋ ।

ਨੁਕਤੇ – • ਸਤਿਕਾਰ ਭਰੇ ਸ਼ਬਦ, • ਇਲਾਕੇ ਵਿਚਲੀਆਂ-ਛੋਟੀਆਂ-ਵੱਡੀਆਂ ਵਾਰਦਾਤਾਂ ਦਾ ਜ਼ਿਕਰ, • ਇਲਾਕਾਵਾਸੀਆਂ ਵੱਲੋਂ ਸੁੱਰਖਿਆ ਲਈ ਚੁੱਕੇ ਗਏ ਕਦਮ – ਲੋਹੇ ਦੀ ਗਰਿੱਲ, ਚੌਂਕੀਦਾਰ ਆਦਿ, • ਪੁਲਿਸ ਗਸ਼ਤ ਦੀ ਵੀ ਲੋੜ, • ਧੰਨਵਾਦ, • ਆਪਣਾ ਸਿਰਨਾਵਾਂ ।

**10.** ਤੁਹਾਡਾ ਤਿੰਨ ਮੰਜ਼ਿਲਾ ਨਵਾਂ ਮਕਾਨ ਬਣਿਆ ਹੈ । ਉਸਦੀ ਦੂਜੀ ਮੰਜਿਲ ਤੁਸੀਂ ਵੇਚਣਾ ਚਾਹੁੰਦੇ ਹੈ । ਉਸ ਬਾਬਤ 50 ਸ਼ਬਦਾਂ ਵਿੱਚ ਇੱਕ ਇਸ਼ਤਿਹਾਰ ਤਿਆਰ ਕਰੋ । *7*

**ਜਾਂ**


Downloaded From :http://cbseportal.com/ Courtesy : CBSE

Downloaded From :http://cbseportal.com/

ਹੇਠਾ ਦਿੱਤੀ ਤਸਵੀਰ ਨੂੰ ਵੇਖ ਕੇ ਲਗਭਗ 50 – 60 ਸ਼ਬਦਾਂ ਵਿੱਚ ਇਸਦਾ ਵਰਣਨ ਕਰੋ –



(ਸਿਰਫ਼ ਨੇਤਰਹੀਨ ਵਿਦਿਆਰਥੀਆਂ ਲਈ)

ਤੁਹਾਡੇ ਇਲਾਕੇ ਵਿੱਚ ਮੱਛਰ ਬਹੁਤ ਵੱਧ ਗਿਆ ਹੈ । ਇਸ ਦੇ ਸਾਰੂ ਪ੍ਰਭਾਵ ਤੋਂ ਬੱਚਣ ਲਈ ਆਪਣੇ ਇਲਾਕਾਵਾਸੀਆਂ ਨੂੰ ਜਾਗਰੂਕ ਕਰਦੇ ਹੋਏ ਸਥਾਨਕ (ਲੋਕਲ) ਅਖ਼ਬਾਰ ਲਈ ਪੈਰਾ ਲਿਖੋ ।

ਪਾਠ–ਪੁਸਤਕਾਂ'ਤੇ ਅਧਾਰਤ ਪ੍ਰਸ਼ਨ –

**11.** ਅਤਿ ਛੋਟੇ ਪ੍ਰਸ਼ਨ (ਬਹੁਵਿਕਲਪੀ) *1×4=4*

(i) ਸੱਭ ਤੋਂ ਪਹਿਲਾਂ ਸੱਪ ਨੂੰ ਕਿਸਨੇ ਵੇਖਿਆ ?

(A) ਰਜਨੀ

(B) ਚੌਂਕੀਦਾਰ

(C) ਰਾਹੁਲ

(D) ਪੂਜਾ


Downloaded From :http://cbseportal.com/ Courtesy : CBSE

Downloaded From :http://cbseportal.com/

(ii) ਅਰਚਨਾ ਚੋਪੜਾ ਕਿਹੜੇ ਫਲੋਰ ਤੇ ਰਹਿੰਦੀ ਸੀ ?

(A) ਪਹਿਲੀ ਫਲੋਰ

(B) ਦੂਜੀ ਫਲੋਰ

(C) ਤੀਜੀ ਫਲੋਰ

(D) ਟੋਪ ਫਲੋਰ

(iii) ਕਿਸ ਅਨੁਸਾਰ ਸੂਰਜ ਚੜ੍ਹਨ ਤੋਂ ਬਾਅਦ ਤੱਕ ਸੁੱਤੇ ਰਹਿਣ ਵਾਲੇ ਲੋਕਾਂ ਨੂੰ ਲੱਛਮੀ ਛੱਡ ਦਿੰਦੀ ਹੈ –

(A) ਚਾਨਕਯ

(B) ਵਿਸ਼ਨੂੰ ਗੁਪਤ

(C) ਰਾਮਾਨੁਜਨ

(D) ਸੁਕਰਾਤ

(iv) 'ਹੈਂਕੜ ਅਤੇ ਹਉਮੈਂ ਦੀ ਮਾਰ' ਲੇਖ ਕਿਸ ਦਾ ਲਿਖਿਆ ਹੋਇਆ ਹੈ –

(A) ਅਜੀਤ ਕੌਰ

(B) ਡਾ. ਹਰਸ਼ਿੰਦਰ ਕੌਰ

(C) ਡਾ. ਦਵਿੰਦਰ ਸੈਫ਼ੀ

(D) ਡਾ. ਦਰਸ਼ਨਸਿੰਘ ਆਸ਼ਟ

**12.** ਅਤਿ ਛੋਟੇ ਪ੍ਰਸ਼ਨ (ਇਕ ਸ਼ਬਦ ਵਾਲੇ) *1×4=4*

(i) 'ਮਨਮੁਖਿ' ਤੋਂ ਕੀ ਭਾਵ ਹੈ ?

(ii) ਸਖ਼ਤ ਗਰਮੀ ਵਿੱਚ ਕੰਮ ਕਰਨ ਵਾਲੇ ਕਿਸ ਦੇ ਮੁਖਾਜ ਹੋ ਗਏ ਹਨ ?

(iii) ਰਾਮ ਭਜਨੀ ਆਪਣੀ ਗੁਆਂਢਣ ਅੱਗੇ ਕੀ ਇੱਛਾ ਰਖਦੀ ਹੈ ?

(iv) ਰਾਮ ਭਜਨੀ ਨੂੰ 'ਦੁਸ਼ਾਲਾ' ਦਾਨ ਕਰਨ ਲਈ ਕੌਣ ਆਖਦਾ ਹੈ ?


Downloaded From :http://cbseportal.com/ Courtesy : CBSE

Downloaded From : http://cbseportal.com/

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ – *2×3=6*

(i) ਬਾਰ੍ਹਵੀਂ ਜਮਾਤ ਦਾ ਨਤੀਜਾ ਆਉਣ ਉਪਰੰਤ ਮੰਮੀ-ਪਾਪਾ ਮੀਨਾਕਸ਼ੀ ਨੂੰ ਕਿੱਥੋਂ ਲੈ ਕੇ ਆਏ ਸਨ ? ਅਤੇ ਮੀਨਾਕਸ਼ੀ ਨੇ ਤੋਹਫੇ ਵਜੋਂ ਕਿਹੜੀ ਚੀਜ਼ ਦੀ ਮੰਗ ਕੀਤੀ ?

(ii) ਬੀਬੀ ਭਾਨੀ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

(iii) ਮੈਲਬਰਨ ਦੀ ਕਿਹੜੀ ਚੀਜ਼ ਨੇ ਮਿਲਖਾ ਸਿੰਘ ਨੂੰ ਪ੍ਰਭਾਵਿਤ ਕੀਤਾ ?

**14.** ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 50 – 60 ਸ਼ਬਦਾਂ ਵਿੱਚ) – *3*

'ਮਾਣ ਪੰਜਾਬੀ ਦਾ' ਕਵਿਤਾ ਰਾਹੀਂ ਕਵੀ ਕੁਲਵੰਤ ਸਿੰਘ ਰਫ਼ੀਕ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ?

**ਜਾਂ**

ਪੰਜਾਬੀ ਲੋਕ ਗੀਤ ਪੰਜਾਬੀਆਂ ਦੇ ਜੀਵਨ-ਚੱਕਰ ਦੇ ਨਾਲ-ਨਾਲ ਕਿਵੇਂ ਤੁਰਦੇ ਹਨ ? 'ਪੰਜਾਬ ਦੇ ਲੋਕ ਗੀਤ' ਲੇਖ ਦੇ ਅਧਾਰ'ਤੇ ਦੱਸੋ ।

**15.** 'ਮੈਂ ਹਰ ਪਾਸਿਓਂ ਲੁੱਟਿਆ ਗਿਆ । ਓਇ ! ਮੈਂ ਕੀ ਕਰਾਂ', ਇਹ ਕੌਣ ਤੇ ਕਿਉਂ ਬੋਲਦਾ ਹੈ ? ਉੱਤਰ 50 – 60 ਸ਼ਬਦਾਂ ਵਿੱਚ ਦਿਓ । *3*

**ਜਾਂ**

'ਬੇਬੇ ਰਾਮ ਭਜਨੀ' ਦਾ ਚਰਿੱਤਰ-ਚਿਤਰਨ 50 – 60 ਸ਼ਬਦਾਂ ਵਿੱਚ ਲਿਖੋ ।


Downloaded From : http://cbseportal.com/ Courtesy : CBSE